# ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ,

ਪੰਜਾਬ ਰਾਜ।

ਨੰ: ਪਸਸਬ-ਸਸ (ਕਸ)-2026/ 30 ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ...29-05-2026

ਵਿਸ਼ਾ:- ਅੱਠਵੀਂ ਸ਼੍ਰੇਣੀ (ਜੂਨ 2026 ) ਦੀ ਰੀ-ਅਪੀਅਰ ਪ੍ਰੀਖਿਆ ਨਾਲ ਸਬੰਧਤ ਪ੍ਰਸ਼ਨ ਪੱਤਰਾਂ ਦੇ ਸੀਲ ਬੰਦ ਬਾਕਸ ਪ੍ਰਾਪਤ ਕਰਨ ਸਬੰਧੀ।

ਸ਼੍ਰੀਮਾਨ ਜੀ,

1. ਅੱਠਵੀਂ ਸ਼੍ਰੇਣੀ (ਜੂਨ 2026) ਦੀ ਰੀ-ਅਪੀਅਰ ਪ੍ਰੀਖਿਆ ਮਿਤੀ: 02-06-2026 ਤੋਂ 11-06-2026 ਤੱਕ ਕਰਵਾਈ ਜਾ ਰਹੀ ਹੈ।
2. ਅੱਠਵੀਂ ਸ਼੍ਰੇਣੀ ਦੇ ਪ੍ਰਸ਼ਨ-ਪੱਤਰ ਮਿਤੀ 30-05-2026 ਨੂੰ ਬੋਰਡ ਵੱਲੋਂ ਟੀਮਾਂ ਮੁੱਖ ਦਫ਼ਤਰ ਤੋਂ ਲੈ ਕੇ ਰਵਾਨਾ ਹੋਣਗੀਆਂ। ਇਹ ਪ੍ਰਸ਼ਨ-ਪੱਤਰ ਜਿਲ੍ਹਾ ਮੈਨੇਜਰ, ਖੇਤਰੀ ਦਫ਼ਤਰ ਵੱਲੋਂ ਪ੍ਰਾਪਤ ਕੀਤੇ ਜਾਣਗੇ।
3. ਜਿਲ੍ਹਾ ਮੈਨੇਜਰ ਖੇਤਰੀ ਦਫ਼ਤਰ ਵੱਲੋਂ ਆਪਣੀ ਨਿਗਰਾਨੀ ਹੇਠ ਇਹ ਪ੍ਰਸ਼ਨ ਪੱਤਰ ਮਿਤੀ 1-6-2026 ਨੂੰ ਸਬੰਧਤ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਨੂੰ ਸੌਂਪੇ ਜਾਣਗੇ।
4. ਇਹਨਾਂ ਪ੍ਰਸ਼ਨ ਪੱਤਰਾਂ ਨੂੰ ਪ੍ਰਾਪਤ ਕਰਨ ਵਾਲਾ ਅਧਿਕਾਰੀ ਸਕੂਲ ਦੇ ਲੈਟਰ ਪੈਡ ਉਪਰ ਕੀਤੇ ਗਏ ਤਸਦੀਕ ਸ਼ੁਦਾ ਹਸਤਾਖਰ ਅਤੇ ਸ਼ਨਾਖਤੀ ਕਾਰਡ ਪੇਸ਼ ਕਰੇਗਾ।
5. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਸਮੇਂ ਦਫ਼ਤਰ ਵੱਲੋਂ ਭੇਜੇ ਗਏ ਪ੍ਰਸ਼ਨ ਪੱਤਰਾਂ ਦਾ ਚਲਾਨ ਨਾਲ ਚੰਗੀ ਤਰ੍ਹਾਂ ਮਿਲਾਨ ਕਰ ਲਿਆ ਜਾਵੇ। ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਤਾਂ ਇਸ ਸਬੰਧੀ ਡੇਟਸ਼ੀਟ ਵਿੱਚ ਦਰਜ਼ ਸਬੰਧਤ ਜਿਲ੍ਹੇ ਦੇ ਫੋਨ ਨੰਬਰਾਂ ਤੇ ਤੁਰੰਤ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।
6. ਪ੍ਰਸ਼ਨ ਪੱਤਰ ਸ਼ੇਫ ਥਾਂ ਤੇ ਰੱਖਕੇ ਤਾਲੇ ਲਗਾਉਣ ਉਪਰੰਤ ਸੀਲ ਲਗਾਈ ਜਾਵੇ ਅਤੇ ਪੂਰੀ ਸਕਿਊਰਟੀ ਦਾ ਪ੍ਰਬੰਧ ਕੀਤਾ ਜਾਵੇ।
7. ਪ੍ਰਸ਼ਨ ਪੱਤਰ ਸ਼ੇਫ ਥਾਂ ਤੇ ਰੱਖਕੇ ਦੋ ਤਾਲੇ ਲਗਾਏ ਜਾਣ, ਜਿਸ ਦੀ ਇੱਕ ਚਾਬੀ ਕੇਂਦਰ ਕੰਟਰੋਲਰ ਅਤੇ ਦੂਜੇ ਤਾਲੇ ਦੀ ਚਾਬੀ ਕੇਂਦਰ ਸੁਪਰਡੰਟ ਕੋਲ ਰੱਖੀ ਜਾਵੇ।
8. ਸੀਲਬੰਦ ਪ੍ਰਸ਼ਨ ਪੱਤਰਾਂ ਦੇ ਪੈਕਟਾਂ ਨਾਲ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਜੇਕਰ ਕੋਈ ਛੇਡਛਾੜ ਹੁੰਦੀ ਹੈ ਤਾਂ ਸਬੰਧਤ ਕੇਂਦਰ ਕੰਟਰੋਲਰ/ਕੇਂਦਰ ਸੁਪਰਡੰਟ ਸਿੱਧੇ ਤੌਰ ਤੇ ਜ਼ਿੰਮੇਵਾਰ ਹੋਣਗੇ।
9. ਇਸ ਕਾਰਜ ਲਈ ਆਪ ਜੀ ਦੇ ਸਹਿਯੋਗ ਦੀ ਸਖ਼ਤ ਜਰੂਰਤ ਹੈ। ਉਕਤ ਕੰਮਾਂ ਵਿੱਚ ਅਣਗਹਿਲੀ ਨਾ ਵਰਤੀ ਜਾਵੇ। ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਲਈ ਹੇਠ ਲਿਖੇ ਟੈਲੀਫੋਨ ਨੰਬਰ:- 0172-5227333,334,303,338,339,340 ਤੇ ਸਪੰਰਕ ਕੀਤਾ ਜਾਵੇ।

**ਨੱਥੀ ਡੇਟਸ਼ੀਟ**

29/5/26

ਸੁਪਰਡੰਟ (ਕੰਨਫੀ./ਕ.ਸ)

ਪੰਜਾਬ ਸਕੂਲ ਸਿੱਖਿਆ ਬੋਰਡ।